ਗੁਰਨਾਜ਼ ਸਿੰਘ ਧਾਲੀਵਾਲ
ਉਮਰ = 11 ਸਾਲ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ।

ਤੀਨੇ ਤਾਪ ਨਿਵਾਰਣ ਹਾਰਾ ਦੁਖ ਹੰਤਾ ਸੁਖ ਰਾਸਿ
ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ।

ਗੁਰਬਾਣੀ ਅਨੁਸਾਰ ਪਰਮਾਤਮਾ ਸਾਰੇ ਦੁੱਖਾਂ (ਮਾਨਸਕ ਰੋਗ, ਸਰੀਰਕ ਰੋਗ, ਝਗੜੇ) ਦਾ ਨਾਸ਼ ਕਰਨ ਵਾਲਾ ਹੈ ਅਤੇ ਜਿਸ ਮਨੁੱਖ ਦੀ ਅਰਦਾਸ ਉਸ ਪ੍ਰਭੂ ਦੇ ਦਰ ਤੇ ਹੁੰਦੀ ਹੈ ਉਸ ਦੇ ਜੀਵਨ ਦੇ ਰਸਤੇ ਵਿੱਚ ਕੋਈ ਰੁਕਾਵਟ ਨਹੀਂ ਆਉਂਦੀ।

ਜੇਕਰ ਅਸੀਂ ਆਪਣੇ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਕਿਸ ਤਰਾ ਸਾਡੇ ਗੁਰੂਆਂ ਨੇ ਔਖੀ ਘੜੀ ਵਿੱਚ ਹੀ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣਾ ਸਿਖਾਇਆ ਹੈ। ਉਦਾਹਰਣ ਦੇ ਤੌਰ ਤੇ ਜੇਕਰ ਆਪਾ ਚਾਰ ਸਾਹਿਬ ਜਾਦਿਆਂ ਦੀ ਗਲ ਕਰੀਏ ਤਾ ਸਾਨੂੰ ਪਤਾ ਲਗਦਾ ਹੈ ਕਿ ਕਿਸ ਤਰ੍ਹਾ ਉਹ ਹਸਦੇ - ਹਸਦੇ ਸ਼ਹੀਦੀ ਪ੍ਰਾਪਤ ਕਰਗਏ।

ਇਸ ਕਰੋਨਾ ਦੇ ਸਮੇ ਜਦੋ ਸਕੂਲ ਅਤੇ ਕੰਮ ਬੰਦ ਹੋ ਗਏ ਹਨ ਤਾ ਅਸੀ ਪਰਿਵਾਰਿਕ ਤੌਰ ਤੇ ਇਕੱਠੇ ਬੈਠ ਕਿ ਰੱਬ ਦਾ ਨਾਮ ਸਿਮਰ ਰਹੇ ਹਾਂ। ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਪਰਮਾਤਮਾ ਨੇ ਸਾਨੂੰ ਜਿਆਦਾ ਸਮਾਂ ਦਿੱਤਾ ਹੈ ਤਾ ਕਿ ਅਸੀਂ ਪਰਮਾਤਮਾ ਦਾ ਨਾਮ ਜਪ ਕਿ ਪਰਮਾਤਮਾ ਵਿੱਚ ਸਮਾ ਸਕੀਏ ਜਿੰਦਗੀ ਦੀ ਤੇਜ਼ ਰਫਤਾਰ ਵਿੱਚ ਅਸੀਂ ਆਪਣੇ ਕੰਮਾ ਵਿੱਚ ਵਾਲੇ ਰੁਝ ਗਏ ਸੀ।

ਗੁਰਬਾਣੀ ਅਨੁਸਾਰ "ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ" ਗੁਰਬਾਣੀ ਵਿੱਚ ਦੁੱਖ ਨੂੰ ਇਸ ਲਈ ਚੰਗਾ ਕਿਹਾ ਹੈ ਜੋ ਮਨੁੱਖ ਨੂੰ ਇਸੇ ਬਹਾਨੇ ਪਰਮਾਤਮਾ ਦੀ ਟੇਕ ਵਾਲੀ ਲੋੜ ਮਹਿਸੂਸ ਹੁੰਦੀ ਹੈ। ਕਈ ਵਾਰੀ ਦੁੱਖ ਮਨੁੱਖ ਨੂੰ ਜੀਵਨ ਦੇ ਸਿੱਧੇ ਰਾਹ ਪਾਉਣ ਦਾ ਕਾਰਨ ਵੀ ਬਣ ਜਾਂਦਾ ਹੈ। ਇਸਦੇ ਉਲਟ ਸੁੱਖ ਰੋਗ ਇਸ ਲਈ ਹੈ ਕਿ ਮਨੁੱਖ ਕਈ ਵਾਰ ਉਸ ਸੁੱਖ ਵਿੱਚ ਇਹਨਾ ਉਲਝ ਜਾਂਦਾ ਹੈ ਕਿ ਪਰਮਾਤਮਾ ਚੇਤੇ ਹੀ ਨਹੀ ਰਹਿੰਦੇ।

Scanned with CamScanner

ਮੈਨੂੰ ਸਿੱਖ ਹੋਣ ਤੇ ਬਹੁਤ ਮਾਣ ਮਹਿਸੂਸ ਹੁੰਦਾ ਹੈ ਜਦੋਂ ਸੋਸ਼ਲ ਮੀਡੀਆ ਤੇ ਵੇਖਦਾ ਜਾਂ ਸੁਣਦਾ ਹਾਂ ਕਿ ਕਿਸ ਤਰ੍ਹਾਂ ਸਿੱਖ ਇਸ ਅਨੋਖੀ ਘੜੀ ਵਿੱਚ ਲੋਕਾਂ ਨੂੰ ਭੋਜਨ ਅਤੇ ਹੋਰ ਜ਼ਰੂਰੀ ਵਸਤੂਆਂ ਵੰਡ ਰਹੇ ਹਨ। ਸਾਨੂੰ ਵੀ ਪਰਿਵਾਰਿਕ ਤੌਰ ਤੇ ਇਸ ਸੇਵਾ ਦਾ ਹਿੱਸਾ ਬਣਨ ਦਾ ਮੌਕਾ ਮਿਲਿਆ। ਨਾਮ ਸਿਮਰਨ ਕਰਨ ਨਾਲ ਮਨ ਵਿੱਚ ਬਹੁਤ ਸ਼ਾਂਤੀ ਰਹਿੰਦੀ ਹੈ ਮੈਂ ਆਪਣੇ ਦੋਸਤਾਂ ਨੂੰ ਇਹੀ ਕਰਨ ਦੀ ਸਲਾਹ ਦਿੰਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਿਹ

Scanned with CamScanner